੨.੪

## ਸੂਫ਼ੀ ਤੇ ਗੁਰਮਤਿ ਕਾਵਿ : ਸਾਂਝਾਂ ਤੇ ਵੱਖਰਤਾਵਾਂ

ਜਾਂ

## ਸੂਫ਼ੀ ਕਾਵਿ ਅਤੇ ਗੁਰਮਤਿ ਕਾਵਿ : ਤੁਲਨਾਤਮਕ ਅਧਿਐਨ

ਸੂਫ਼ੀ ਕਾਵਿ-ਧਾਰਾ ਅਤੇ ਗੁਰਮਤਿ ਕਾਵਿ-ਧਾਰਾ ਮੱਧਕਾਲ ਦੇ ਪੰਜਾਬੀ ਸਾਹਿਤ ਦੀਆਂ ਪ੍ਰਮੁੱਖ ਕਾਵਿ-ਧਾਰਾਵਾਂ ਹਨ ਜੋ ਸਮਕਾਲੀ ਹਾਲਤਾਂ ਵਿਚ ਪਰਸਪਰ ਪ੍ਰਭਾਵਿਤ ਰਹੀਆਂ। ਸੂਫ਼ੀ ਕਾਵਿ ਦਾ ਪਿਛੋਕੜ ਇਸਲਾਮੀ ਤੇ ਸਾਮੀ ਸੰਸਕ੍ਰਿਤੀ ਹੈ, ਜਦਕਿ ਗੁਰਮਤਿ ਦਾ ਪਿਛੋਕੜ ਆਰੀ ਭਾਰਤੀ ਸੰਸਕ੍ਰਿਤੀ ਹੈ। ਡਾ. ਤਾਰਨ ਸਿੰਘ ਨੇ ਸੂਫ਼ੀ ਮਤ ਅਤੇ ਗੁਰਮਤਿ ਵਿਚਲੀ ਸਾਂਝ ਵੱਲ ਸੰਕੇਤ ਕਰਦਿਆਂ ਲਿਖਿਆ ਹੈ "ਸੂਫ਼ੀ-ਮਤ ਤੇ ਗੁਰਮਤਿ ਦੇ ਚਿੰਤਨ ਦੇ ਮੁੱਖ ਵਿਸ਼ੇ ਇਕੋ ਹਨ, ਪਰ ਇਨ੍ਹਾਂ ਦੀਆਂ ਸ਼ੈਲੀਆਂ ਵਿਚ ਬੜਾ ਅੰਤਰ ਹੈ। ਦੋਹਾਂ ਧਾਰਾਵਾਂ ਵਿਚ ਮੁੱਖ ਵਿਸ਼ੇ - ਪ੍ਰਭੂ-ਦਰਸ਼ਨ ਤੇ ਪ੍ਰਭੂ-ਉਸਤਤਿ (ਵਾਹ-ਗੋਵਿੰਦ), ਨਾਮ ਭਗਤੀ, ਗੁਰੂ ਭਗਤੀ ਤੇ ਮਨ ਦਾ ਸੰਜਮ ਅਤੇ ਮਾਨਵ ਭਗਤੀ, ਸਦਾਚਾਰ ਤੇ ਸਮਾਜ ਭਲਾਈ ਹਨ।

**ਸੰਕਲਪੀ ਸਾਂਝ - ਅਧਿਆਤਮਵਾਦ :-** ਸੂਫ਼ੀ ਕਾਵਿ ਅਤੇ ਗੁਰਮਤਿ ਦੀ ਸੰਕਲਪੀ ਸਾਂਝ ਅਧਿਆਤਮਵਾਦ ਹੈ, ਕਿਉਂਕਿ ਦੋਵੇਂ ਵਿਚਾਰਧਾਰਾਵਾਂ ਰੱਬ ਵਾਦੀ ਹੋਣ ਕਰਕੇ 'ਗੁਰੂ ਗੋਵਿੰਦ ਨਾਮ ਧੁਨਿ ਬਾਣੀ' ਦਾ ਵਾਯੂਮੰਡਲ ਉਤਪੰਨ ਕਰਦੀਆਂ ਹਨ। ਡਾ. ਤਾਰਨ ਸਿੰਘ ਦਾ ਵਿਚਾਰ ਹੈ ਕਿ - '1173 ਤੋਂ 1708 ਈ: ਤੱਕ ਦੇ ਸਮੇਂ ਵਿਚ ਜਨ ਸਾਹਿਤ ਦੀ ਜੋ ਸਿਰਜਣਾ ਹੋਈ, ਉਹ ਬੁਨਿਆਦੀ ਰੂਪ ਵਿਚ ਅਤੇ ਸਿਖਰ ਰੂਪ ਵਿਚ 'ਗੁਰੂ ਗੋਵਿੰਦ' ਤੇ 'ਨਾਮ ਧੁਨਿ' ਦੀ ਬਾਣੀ ਸੀ। ਇਸ ਸਾਰੀ ਸਾਹਿਤਕ ਸਿਰਜਣਾ ਵਿਚ ਬੁਨਿਆਦੀ ਤੌਰ ਤੇ ਵਿਸ਼ੇ ਇਕੋ ਹਨ, ਪਰ ਸ਼ੈਲੀ (ਲਿਖਣ ਸ਼ੈਲੀ ਨਹੀਂ, ਵਿਚਾਰ ਸ਼ੈਲੀ) ਵਿਚ ਫ਼ਰਕ ਹੈ। ਦੋਹਾਂ ਧਾਰਾਵਾਂ ਦੇ ਮੁੱਖ ਵਿਸ਼ੇ ਪ੍ਰਭੂ ਉਸਤਤਿ, ਨਾਮ ਭਗਤੀ, ਗੁਰੂ ਭਗਤੀ, ਮਾਨਵ ਭਗਤੀ, ਸਦਾਚਾਰ ਤੇ ਸਮਾਜ ਭਲਾਈ ਹਨ।

**ਦਾਰਸ਼ਨਿਕ ਸਾਂਝ ਤੇ ਫ਼ਰਕ :-** ਜਿਥੋਂ ਤੱਕ ਵਿਚਾਰਧਾਰਾ ਜਾਂ ਦਰਸ਼ਨ ਦਾ ਸੰਬੰਧ ਹੈ, ਗੁਰਮਤਿ ਅਤੇ ਸੂਫ਼ੀ ਕਾਵਿ ਦੋਵੇਂ ਹੀ ਪ੍ਰਭੂ (ਅੱਲ੍ਹਾ), ਗੁਰੂ (ਮੁਰਸ਼ਿਦ), ਨਾਮ ਸਿਮਰਨ (ਬੰਦਗੀ), ਰਹਿਤ ਮਰਯਾਦਾ (ਸ਼ਰੀਅਤ) ਆਦਿ ਦੀ ਹਸਤੀ, ਅਮਲੀਅਤ, ਰੂਹ ਤੇ ਸਿਧੀ ਦਾ ਵਿਚਾਰ ਕਰਦੇ ਹਨ। ਗੁਰੂ ਵੀ ਤੇ ਸੂਫ਼ੀ ਵੀ ਪਰਮਾਤਮਾ, ਗੁਰੂ,

ਨਾਮ ਦੇ ਰਹੱਸ ਨੂੰ ਖੋਲ੍ਹਦੇ ਹਨ। ਦੋਵੇਂ ਇਨ੍ਹਾਂ ਦੇ ਵਿਸ਼ਵਾਸੀ ਤੇ ਅਭਿਲਾਸ਼ੀ ਹਨ। ਦੋਹਾਂ ਨੇ ਸਾਂਝਾ ਸਿੱਧੀ ਪ੍ਰਾਪਤ ਕੀ। ਇਹਨਾਂ ਦੀ ਇਹ ਸਾਂਝ ਹੁੰਦਿਆਂ ਹੋਇਆਂ ਵੀ ਦੋਹਾਂ ਦੀ ਪ੍ਰਾਪਤੀ ਵਿਚ ਫ਼ਰਕ ਹੈ। ਇਹੋ ਕਾਰਨ ਹੈ ਕਿ ਦੋਵੇਂ ਵਿਚਾਰਧਾਰਾਵਾਂ ਸਮਕਾਲੀ ਹੁੰਦਿਆਂ ਹੋਇਆਂ ਵੀ ਆਤਮਸਾਤ ਨਹੀਂ ਕਰ ਸਕੀਆਂ। ਸੂਫ਼ੀ ਕਾਵਿ (ਫ਼ਰੀਦ ਨੂੰ ਛੱਡ ਕੇ) ਸਾਰੇ ਦਾ ਸਾਰਾ ਗੁਰੂ ਗ੍ਰੰਥ ਵਿਚ ਸਮਾ ਨਹੀਂ ਸਕਿਆ। ਸ਼ੈਲੀ ਦਾ ਭੇਤ ਵੀ ਦੋਹਾਂ ਦਾ ਪਰਤੱਖ ਹੈ।

ਸ਼ਰਾਤ ਤੇ ਤਰੀਕਤ ਬਾਰੇ ਵਿਚਾਰਾਂ ਵਿਚ ਫ਼ਰਕ :- ਸ਼ਰਾਤ, ਤਰੀਕਤ, ਪਰਪੱਕ ਦੇ ਬਾਰੇ ਸੂਫ਼ੀ ਮਤ ਇੰਨਾ ਪਕੇਰੀ ਵਿਚ ਨਹੀਂ ਜਾਂਦਾ, ਜਿੰਨਾ ਕਿ ਗੁਰਮਤਿ ਜਾਂਦਾ ਹੈ। ਸੂਫ਼ੀ ਤਾਂ ਸਿਰਫ਼ ਸ਼ੀਆਰ ਨੂੰ ਕਰਮਕਾਂਡ ਦਾ ਢੰਗ ਦੱਸ ਕੇ ਇਸ ਤੋਂ ਪਰੇ ਪਹੁੰਚਣ ਦੀ ਹਦਾਇਤ ਕਰਦਾ ਹੈ, ਪਰ ਗੁਰਮਤਿ 'ਅਨੁਸਾਰ' ਇਹ ਸ਼ੀਆਰ ਤਮਸ ਦੇਖਣ ਹਠ ਦਾ ਰੂਪ ਹੈ। ਹਠ ਰੂਪ ਨਰਗੀ ਆਇਆ, ਦਾ ਵਿਸ਼ਾਲ ਲਿਖਣਾ ਜਿਹਾ ਹੈ।

ਪ੍ਰਸਤੁਤੀ ਵਿਚ ਅੰਤਰ :- ਗੁਰਮਤਿ-ਕਾਵਿ ਤੇ ਸੂਫ਼ੀ ਕਾਵਿ ਭਾਵੇਂ ਦੋਹਾਂ ਨੇ ਆਧਾਰ ਲੋਕੀ ਪੰਜਾਬੀ ਜਨ ਜੀਵਨ ਵਿਚੋਂ ਤਿਆਰ ਕੀਤੀ ਹੈ, ਪਰ ਇਨ੍ਹਾਂ ਦੀ ਪ੍ਰਸਤੁਤੀ ਵਿਚ ਫ਼ਰਕ ਅੰਤਰ ਹੈ। ਸੂਫ਼ੀ ਸਿਰਫ਼ ਇਸ਼ਕ ਹਕੀਕੀ ਵਿਚ ਰੰਗਾਂਦੇ, ਗਾ ਨੱਚ ਕੇ ਮਸਤੀ ਦਾ ਪ੍ਰਗਟ ਹੀ ਕਰਦੇ ਹਨ। ਗੁਰਮਤਿ ਵਿਚ ਗੁਰਬਾਣੀ ਨੂੰ ਸੰਗੀਤ ਨਾਲ ਜੋੜ ਕੇ ਇਕ ਸੰਜਮ, ਸਹਜ ਤੇ ਅਧਿਆਤਮਕ ਪ੍ਰਾਪਤੀ ਪੈਦਾ ਕੀਤੀ ਗਈ ਹੈ।

ਵੈਰਾਗ ਤੇ ਸੰਗੀਤ :- ਸੂਫ਼ੀ ਕਾਵਿ ਵਿਚ ਵੈਰਾਗ ਹੈ, ਇਸ ਦੇ ਉਲਟ ਗੁਰਮਤਿ ਕਾਵਿ ਸੰਗੀਤ ਤੇ ਜ਼ੋਰ ਦਿੰਦਾ ਹੈ। ਹਰ ਸੂਫ਼ੀ 'ਰੱਤੂ ਇਸ਼ਕ ਦਰਿਆ ਰੰਗਾ ਵੈਰਾਗ ਦੇ' ਵਿਚ ਰੰਗਿਆ ਹੋਇਆ ਹੈ। ਇਧਰ ਗੁਰਮਤਿ ਵਿਚ 'ਸਤਿ ਸੰਗਤ ਕੈਸੀ ਜਾਣੀਐ' ਜਿੱਥੇ ਇਕੋ ਨਾਮ ਵਖਾਣੀਐ' ਤੇ ਜ਼ੋਰ ਦਿੱਤਾ ਗਿਆ ਹੈ। ਸੂਫ਼ੀ ਕੇਵਲ ਮੁਰਸ਼ਦ ਦੀ ਸੰਗਤ ਮਾਣਦਾ ਹੈ, ਪਰ ਗੁਰਮਤਿ ਸੰਗਤਿ ਗੁਰਸਿੱਖਾਂ ਦੀ ਹੈ।

Scanned with CamScanner

ਵਿਚਾਰਧਾਰਾ ਵਿਚ ਸਾਂਝ :- ਗੁਰਮਤਿ ਵਿਚਾਰਧਾਰਾ ਅਤੇ ਸੂਫ਼ੀ

ਵਿਚਾਰਧਾਰਾ ਵਿਚਕਾਰ ਸਾਂਝ ਹੈ। ਦੋਹਾਂ ਅੰਦਰ ਅਧਿਆਤਮਿਕਤਾ ਹੈ ਅਤੇ ਦੋਵੇਂ ਇਕ ਪਰਮਾਤਮਾ ਨੂੰ ਮੰਨਦੇ ਹਨ ਅਤੇ ਉਸ ਦੀ ਬੰਦਗੀ ਕਰਨ ਉੱਪਰ ਜ਼ੋਰ ਦਿੰਦੇ ਹਨ। ਦੋਵੇਂ ਚੰਗੇ ਕਰਮਾਂ ਉੱਪਰ ਹੀ ਜ਼ੋਰ ਦਿੰਦੇ ਹਨ। ਗੁਰਮਤਿ ਗੁਰੂ ਦੀ ਲੋੜ ਉੱਪਰ ਜ਼ੋਰ ਦਿੰਦੀ ਹੈ ਅਤੇ ਸੂਫ਼ੀ ~~ਵਿਚਾਰਧਾਰਾ~~ ਵਿਚਾਰਧਾਰਾ ਅਨੁਸਾਰ ਮੁਰਸ਼ਦ ਦੀ ਲੋੜ ਬਹੁਤ ਜ਼ਿਆਦਾ ਹੁੰਦੀ ਹੈ, ਕਿਉਂਕਿ ਉਹੀ ਰਸਤਾ ਦਿਖਾ ਸਕਦਾ ਹੈ।

ਸਿੱਟਾ :- ਸਿੱਟੇ ਵਜੋਂ ਆਖਿਆ ਜਾ ਸਕਦਾ ਹੈ ਕਿ ਗੁਰਮਤਿ ਰਹੱਸਵਾਦ ਅਤੇ ਸੂਫ਼ੀ ਰਹੱਸਵਾਦ ਵਿਚਕਾਰ ਜਿੱਥੇ ਕਾਫ਼ੀ ਸਾਂਝ ਹੈ, ਉੱਥੇ ਦੋਹਾਂ ਵਿਚਕਾਰ ਕਾਫ਼ੀ ਅੰਤਰ ਵੀ ਹਨ। ਇਹ ਅੰਤਰ ~~[illegible]~~ ਅਧਿਆਤਮਵਾਦੀ ਰਹੱਸਵਾਦੀ ਅਤੇ ਹੋਰ ਵਿਚਾਰਧਾਰਾ ਦੇ ਖੇਤਰ ਵਿਚ ਵੇਖਿਆ ਜਾ ਸਕਦਾ ਹੈ।

Scanned with CamScanner